# ਦਫ਼ਤਰ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ

(ਕਮਰਾ ਨੰ: 226, ਦੂਸਰੀ ਮੰਜਿਲ, ਮਿੰਨੀ ਸੱਕਤਰੇਤ, ਸੈਕਟਰ - 9, ਚੰਡੀਗੜ੍ਹ, ਫੋਨ ਨੰ: - 0172-274775)

ਵੱਲ:

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿੱ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿੱ), ਪੰਜਾਬ।

ਪੱਤਰ ਨੰ: - PS/SSE/2023/238
ਮਿਤੀ: - 03.10.2023

ਵਿਸ਼ਾ: ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਕੂਲਾਂ ਨੂੰ ਰੈਗੂਲਰ ਵਿਜ਼ਟ ਕਰਨ ਸਬੰਧੀ।

1.0 ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣਾ ਅਤੇ ਸਕੂਲਾਂ ਦੇ ਬੁਨੀਆਦੀ ਢਾਂਚੇ ਵਿੱਚ ਸੁਧਾਰ ਕਰਨਾ ਤਾਂ ਹੀ ਸੰਭਵ ਹੈ, ਜੇਕਰ ਜਿਲ੍ਹਾ ਸਿੱਖਿਆ ਅਫਸਰਾਂ ਵਲੋਂ ਸਕੂਲਾਂ ਨੂੰ ਲਗਾਤਾਰ ਵਿਜ਼ਟ ਕੀਤਾ ਜਾਵੇ।

2.0 ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਹਫਤੇ ਦੇ ਤਿੰਨ ਦਿਨ ਹਰੇਕ ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਸਕੂਲਾਂ ਨੂੰ ਸਕੂਲ ਲੱਗਣ ਦੇ ਸਮੇ ਤੋਂ ਲੈ ਕੇ ਅਗਲੇ ਤਿੰਨ ਘੰਟਿਆਂ ਵਿੱਚ ਵਿਜ਼ਟ ਕਰਨਾ ਯਕੀਨੀ ਬਨਾਉਣਗੇ। ਵਿਜ਼ਟ ਕੀਤੇ ਸਕੂਲਾਂ ਦੀ ਵਿਜ਼ਟ ਰਿਪੋਰਟ ਈ-ਪੰਜਾਬ ਪੋਰਟਲ ਤੇ ਇੰਸਪੈਕਸ਼ਨ ਲਾੱਗ ਇੰਨ ਵਿੱਚ ਨਾਲ ਦੀ ਨਾਲ ਭਰਨੀ ਯਕੀਨੀ ਬਣਾਈ ਜਾਵੇਗੀ। ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਪਰਮ ਅਗੇਤ ਦਿੱਤੀ ਜਾਵੇ।

ਸਕੱਤਰ ਸਕੂਲ ਸਿੱਖਿਆ,
ਪੰਜਾਬ ਸਰਕਾਰ।

ਪਿੱਠ ਅੰਕਣ ਨੰ: ਉੱਕਤ ਮਿਤੀ: 03.10.2023

ਉਪਰੋਕਤ ਦਾ ਇੱਕ ਉਤਾਰਾ:-

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਸਿੱਖਿਆ ਅਫਸਰਾਂ ਵਲੋਂ ਇੰਸਪੈਕਸ਼ਨ ਲਾੱਗ-ਇੰਨ ਵਿੱਚ ਆਪਣੀਆਂ ਵਿਜ਼ਟ ਰਿਪੋਰਟਾਂ ਭਰਵਾਉਣੀਆਂ ਯਕੀਨੀ ਬਣਾਇਆ ਜਾਵੇ। ਸਟੇਟ ਪੱਧਰ ਤੇ ਇਨ੍ਹਾਂ ਵਿਜ਼ਟ ਰਿਪੋਰਟਾਂ ਨੂੰ ਘੋਖ ਕੇ ਪਾਈਆਂ ਗਈਆਂ ਉਣਤਾਈਆਂ ਦੀ ਪੜਤਾਲ/ ਅਨੁਸ਼ਾਸ਼ਨੀ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

2) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)/(ਐਲੀਮੈਂਟਰੀ), ਪੰਜਾਬ ਨੂੰ ਉੱਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਨਾਉਣ ਹਿੱਤ ਭੇਜਿਆ ਜਾਂਦਾ ਹੈ।

3) ਡੀ. ਐਮ., ਐਮ.ਆਈ.ਐਸ., ਪੰਜਾਬ ਨੂੰ ਉਪਰੋਕਤ ਪੱਤਰ ssa.punjab.org. ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਸਕੂਲ ਸਿੱਖਿਆ,
ਪੰਜਾਬ ਸਰਕਾਰ।

Scanned with OKEN Scanner